# ਵਰਕਸ਼ੀਟ

**ਹੇਠ ਲਿਖਿਆਂ ਵਿੱਚੋਂ ਠੀਕ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਗਾਓ ।**

1. **ਸਾਨੂੰ ਪਤੰਗ ਕਿੱਥੇ ਉਡਾਉਣਾ ਚਾਹੀਦਾ ਹੈ?**

   ੳ) ਖੁੱਲ੍ਹੀ ਛੱਤ 'ਤੇ ਅ) ਸੜਕ 'ਤੇ ੲ) ਬਾਜ਼ਾਰ ਵਿੱਚ ਸ) ਕਿਸੇ ਖੁੱਲ੍ਹੇ ਮੈਦਾਨ ਵਿੱਚ

2. **ਸਿਮਰਨ ਦੀ ਮੰਮੀ ਨੂੰ ਉਸ ਨੂੰ ਪਤੰਗ ਉਡਾਉਣ ਤੋਂ ਮਨ੍ਹਾਂ ਨਹੀਂ ਕਰਨਾ ਚਾਹੀਦਾ; ਕਿਉਂਕਿ................**

   ੳ) ਕੁੜੀਆਂ ਸਰੀਰਕ ਤੌਰ 'ਤੇ ਕਮਜ਼ੋਰ ਹੁੰਦੀਆਂ ਹਨ।

   ਅ) ਕੁੜੀਆਂ ਦੀ ਬੁੱਧੀ ਘੱਟ ਹੁੰਦੀ ਹੈ।

   ੲ) ਜੇਕਰ ਕੁੜੀਆਂ ਹਵਾਈ ਜਹਾਜ਼ ਉਡਾ ਸਕਦੀਆਂ ਹਨ ਤਾਂ ਪਤੰਗ ਵੀ ਉਡਾ ਲੈਣਗੀਆਂ।

   ਸ) ਕੁੜੀਆਂ ਲਾਪਰਵਾਹ ਹੁੰਦੀਆਂ ਹਨ।

3. **ਪੀਲੇ ਚੌਲ਼ ਕਿਹੜੇ ਤਿਉਹਾਰ ਵੇਲੇ ਬਣਾਏ ਜਾਂਦੇ ਹਨ?**

   ੳ) ਦੀਵਾਲ਼ੀ ਵੇਲੇ ਅ) ਲੋਹੜੀ ਵੇਲੇ ੲ) ਮਾਘੀ ਵੇਲੇ ਸ) ਬਸੰਤ ਵੇਲੇ

4. **ਬਸੰਤ ਵਾਲੇ ਦਿਨ ਬੱਚੇ ਖੁਸ਼ ਹੁੰਦੇ ਹਨ, ਕਿਉਂਕਿ ਉਸ ਦਿਨ ............**

   ੳ) ਉਹ ਪਤੰਗ ਉਡਾਉਂਦੇ ਹਨ। ਅ) ਉਹ ਪਟਾਕੇ ਚਲਾਉਂਦੇ ਹਨ।

   ੲ) ਉਹ ਲੋਹੜੀ ਸੇਕਦੇ ਹਨ। ਸ) ਉਹ ਸਵੇਰੇ ਜਲਦੀ ਉੱਠ ਕੇ ਨਹਾਉਂਦੇ ਹਨ।

5. **ਘਰਾਂ ਦੀਆਂ ਛੱਤਾਂ 'ਤੇ ਪਤੰਗ ਉਡਾਉਣਾ ਕਿਉਂ ਖ਼ਤਰਨਾਕ ਹੈ?**

   ੳ) ਕਿਉਂਕਿ ਛੱਤਾਂ 'ਤੇ ਚਾਰਦੀਵਾਰੀ ਬਣੀ ਹੁੰਦੀ ਹੈ।

   ਅ) ਛੱਤ ਪੱਕੀ 'ਤੇ ਮਜਬੂਤ ਹੁੰਦੀ ਹੈ।



Scanned with CamScanner

ੲ) ਛੱਤ ਉੱਚੀ ਹੁੰਦੀ ਹੈ ਅਤੇ ਬੱਚੇ ਬੇਧਿਆਨੀ ਵਿੱਚ ਡਿੱਗ ਸਕਦੇ ਹਨ।

ਸ) ਕੁਝ ਨਹੀਂ ਹੁੰਦਾ।

6. **ਹੇਠ ਲਿਖਿਆਂ ਵਿੱਚੋਂ ਕਿਹੜੀ ਚੀਜ਼ ਮੇਲੇ ਵਿੱਚ ਨਹੀਂ ਮਿਲਦੀ ?**

ੳ) ਖਿਡੌਣਿਆਂ ਵਾਲੀਆਂ ਦੁਕਾਨਾਂ　　ਅ) ਖਾਣ-ਪੀਣ ਦੇ ਸਮਾਨ ਦੀਆਂ ਦੁਕਾਨਾਂ

(ੲ) ਝੂਲੇ　　ਸ) ਸੀਮੇਂਟ ਵੇਚਣ ਦੀਆਂ ਦੁਕਾਨਾਂ

7. **ਪੰਜਾਬ ਵਿੱਚ ............... ਮੇਲੇ ਲੱਗਦੇ ਹਨ।**

ੳ) ਬਹੁਤ ਸਾਰੇ　　ਅ) ਬਹੁਤ ਘੱਟ　　ੲ) ਸਿਰਫ਼ ਖੇਡ ਮੇਲੇ　　ਸ) ਉਪਰੋਕਤ ਵਿੱਚੋਂ ਕੁਝ ਨਹੀਂ

8. **ਮਾਘੀ ਦਾ ਮੇਲਾ ਕਦੋਂ ਲੱਗਦਾ ਹੈ?**

ੳ) ਲੋਹੜੀ ਤੋਂ ਇੱਕ ਦਿਨ ਪਹਿਲਾਂ　　ਅ) ਦਸੰਬਰ ਦੀਆਂ ਛੁੱਟੀਆਂ ਵਿੱਚ

ੲ) ਮਾਘ ਮਹੀਨੇ ਦੀ ਸੰਗਰਾਂਦ ਨੂੰ　　ਸ) ਇੱਕ ਜਨਵਰੀ ਨੂੰ

9. **ਜਿਸ ਸ਼ੋਅ ਵਿੱਚ ਜਾਨਵਰਾਂ ਦੇ ਕਰਤੱਬ ਵੀ ਦਿਖਾਏ ਜਾਂਦੇ ਹਨ, ਉਸ ਨੂੰ ਕੀ ਕਹਿੰਦੇ ਹਨ?**

ੳ) ਮੈਜਿਕ ਸ਼ੋਅ　　ਅ) ਸਰਕਸ　　ੲ) ਚੰਡੋਲ　　ਸ) ਉਪਰੋਕਤ ਵਿੱਚੋਂ ਕੁਝ ਵੀ ਨਹੀਂ

10. **ਹੇਠ ਲਿਖਿਆਂ ਵਿੱਚੋਂ ਕਿਹੜਾ ਮਨੋਰੰਜਨ ਦਾ ਸਾਧਨ ਹੈ, ਜੋ ਮੇਲੇ ਵਿੱਚ ਨਹੀਂ ਹੁੰਦਾ:**

ੳ) ਚੰਡੋਲ　　ਅ) ਮੈਜਿਕ ਸ਼ੋਅ　　ੲ) ਸਰਕਸ　　ਸ) ਪਾਰਕ ਦੀ ਸੈਰ

11. **ਖੇਡ ਵਿੱਚ ਰੌਲ਼ਾ ਪੈ ਜਾਣ 'ਤੇ ਅੰਤ ਵਿੱਚ ਨਿਪਟਾਰਾ ਕੌਣ ਕਰਦਾ ਹੈ?**

ੳ) ਖੇਡ ਪ੍ਰਬੰਧਕ　　ਅ) ਖਿਡਾਰੀ ਆਪ ਕਰਦੇ ਹਨ

ੲ) ਰੈਫ਼ਰੀ ਜਾਂ ਅੰਪਾਇਰ　　ਸ) ਉਪਰੋਕਤ ਵਿੱਚੋਂ ਕੋਈ ਨਹੀਂ

12. **ਖਿਡਾਰੀ ਦੀ ਤਸਵੀਰ ਪਹਿਚਾਣੋ ਅਤੇ ਦੱਸੋ ਇਹ ਕੌਣ ਹਨ?**



ੳ) ਮਿਲਖ਼ਾ ਸਿੰਘ

ਅ) ਪਰਗਟ ਸਿੰਘ

ੲ) ਸਚਿਨ ਤੇਂਦੁਲਕਰ

ਸ) ਇਨ੍ਹਾਂ ਤਿੰਨਾਂ ਵਿੱਚੋਂ ਕੋਈ ਨਹੀਂ

**ਅਧਿਆਪਕ ਪੂਰਾ ਅਧਿਆਇ ਕਰਵਾਉਣ ਤੋਂ ਬਾਅਦ ਦਿੱਤੀ ਵਰਕਸ਼ੀਟ ਬੱਚਿਆਂ ਨੂੰ ਕਰਵਾ ਕੇ ਦੇਖਣਗੇ ਕਿ ਕਿੰਨੇ ਬੱਚਿਆਂ ਨੇ ਸਿੱਖਣ ਪਰਿਣਾਮ ਪ੍ਰਾਪਤ ਕੀਤੇ ਹਨ?**

| ਪ੍ਰਤੀਸ਼ਤ | 30% ਤੋਂ ਘੱਟ | 30% - 80% ਤੱਕ | 80% ਤੋਂ ਵੱਧ |
|---|---|---|---|
| ਵਿਦਿਆਰਥੀਆਂ ਦੀ ਗਿਣਤੀ | | | |



Scanned with CamScanner